# ਕਾਫ਼ਲੇ ਵਲੋਂ ਆਰਟਿਸਟ ਪ੍ਰਵੀਨ ਕੌਰ ਦੀ ਚਿੱਤਰਕਲਾ ਬਾਰੇ ਅਹਿਮ ਮਿਲਣੀ ਅਤੇ ਕਵੀ ਦਰਬਾਰ

**(ਬਰੈਂਪਟਨ – ਵਕੀਲ ਕਲੇਰ)** ਟਰਾਂਟੋ ਵਿੱਚ ਪਿਛਲੇ 17 ਸਾਲਾਂ ਤੋਂ ਸਰਗਰਮ ਨਿਰੋਲ ਸਾਹਿਤਕ ਜਥੇਬੰਦੀ ਪੰਜਾਬੀ ਕਲਮਾਂ ਦਾ ਕਾਫ਼ਲਾ ਦੀ ਜੂਨ-2009 ਮਿਲਣੀ ਸੰਤ ਸਿੰਘ ਸੇਖੋਂ ਹਾਲ ਵਿਖੇ ਹੋਈ। ਪੰਜਾਬੀ ਸਾਹਿਤ ਦੇ ਨਾਲ ਨਾਲ ਵੱਖ ਵੱਖ ਕਲਾ ਰੂਪਾਂ ਨੂੰ ਵੀ ਸਮੇਂ ਸਮੇਂ ਨਿਰਖਣ,ਪਰਖਣ,ਸਮਝਣ ਅਤੇ ਮਾਨਣ ਦੀ ਅਪਣੀ ਸ਼ਾਨਦਾਰ ਪਿਰਤ ਨੂੰ ਅੱਗੇ ਤੋਰਦਿਆਂ ਇਸ ਵੇਰ ਦੀ ਮਿਲਣੀ ਕਾਫ਼ਲੇ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਕੈਨੇਡੀਅਨ ਚਿੱਤਰਕਾਰ ਪਰਵੀਨ ਕੌਰ ਹੁਰਾਂ ਦੀ ਕਲਾ ਨੂੰ ਸਮਰਪਿਤ ਸੀ।

ਸਭ ਤੋਂ ਪਹਿਲਾਂ ਪਰਵੀਨ ਕੌਰ ਹੁਰਾਂ ਨੇ ਅਪਣੇ ਜੀਵਨ ਅਤੇ ਕਲਾ ਬਾਰੇ ਬਣੀ ਇਕ ਡਾਕੂਮੈਂਟਰੀ ਦਰਸ਼ਕਾਂ ਨਾਲ ਸਾਂਝੀ ਕੀਤੀ। ਇਸ ਡਾਕੂਮੈਂਟਰੀ ਵਿੱਚ ਜਿੱਥੇ ਪਰਵੀਨ ਕੌਰ ਹੁਰਾਂ ਵਲੋਂ ਅਪਣੇ ਚਿੱਤਰਾਂ ਅਤੇ ਕਲਾ-ਪ੍ਰਭਾਵਾਂ ਬਾਰੇ ਅਹਿਮ ਗੱਲਾਂ ਕੀਤੀਆਂ ਗਈਆਂ ਸਨ ਓਥੇ ਉਹਨਾਂ ਦੇ ਜੀਵਨ ਬਾਰੇ ਵੀ ਅਹਿਮ ਅਤੇ ਭਾਵਪੂਰਤ ਜਾਣਕਾਰੀ ਵੀ ਸਰੋਤਿਆਂ ਲਈ ਹਾਜ਼ਰ ਸੀ।

ਉਪਰੰਤ ਪਰਵੀਨ ਕੌਰ ਹੁਰਾਂ ਨੇ ਅਪਣੇ ਕੁਝ ਅਹਿਮ ਅਤੇ ਵੱਖ ਵੱਖ ਮੂਡ ਅਤੇ ਸ਼ੇਡਜ਼ ਨੂੰ ਪੇਸ਼ ਕਰਦੇ ਚਿੱਤਰਾਂ ਦੀ ਪ੍ਰਦਰਸ਼ਨੀ ਲਗਾਈ ਗਈ। ਉਹਨਾਂ ਨੇ ਅਪਣੇ ਪ੍ਰਦਰਸ਼ਿਤ ਚਿੱਤਰਾਂ ਦੇ ਹਵਾਲੇ ਨਾਲ ਅਪਣੀ ਕਲਾ ਬਾਰੇ ਨੁਕਤੇ ਸਾਂਝੇ ਕੀਤੇ।

ਕਾਂਗੜਾ ਕਲਾ ਤੋਂ ਲੈ ਕੇ ਮਾਡਰਨ ਆਰਟ ਤੀਕ ਦੇ ਕਲਾ ਪ੍ਰਵਾਹ ਨੂੰ ਉਹਨਾਂ ਨੇ ਬੜੇ ਸੂਖਮ ਅਤੇ ਦਿਲਚਸਪ ਰੌਅ ਵਿੱਚ ਹਾਜ਼ਰੀਨ ਨਾਲ ਸਾਂਝਾ ਕੀਤਾ। ਉਹਨਾਂ ਕਿਹਾ ਕਿ ਭਾਵੇਂ ਉਹਨਾਂ ਨੇ ਸ਼ੁਰੂ ਵਿੱਚ ਬਕਾਇਦਾ ਉਸਤਾਦਾਂ ਪਾਸੋਂ ਪੇਟਿੰਗ ਦੀਆਂ ਬਾਰੀਕੀਆਂ ਨੂੰ ਸਿੱਖਿਆ ਪਰ ਸਮੁੱਚੇ ਰੂਪ ਵਿੱਚ ਉਹਨਾਂ ਨੇ ਕਿਸੇ ਉਸਤਾਦ ਨੂੰ ਅਪਣੇ ਖੰਭ ਕੁਤਰਨ ਨਹੀਂ ਦਿੱਤੇ ਅਤੇ ਅਪਣੀ ਰੂਹ ਵਿਚਲੀ ਉਡਾਰੀ ਨੂੰ ਹੀ ਪ੍ਰਮੁੱਖ ਪ੍ਰੇਰਨਾ ਸਰੋਤ ਸਮਝਿਆ।

ਕੁਦਰਤੀ ਨਜ਼ਾਰੇ ਅਤੇ ਖਾਸ ਕਰਕੇ ਪੱਤਝੜ ਦੇ ਦ੍ਰਿਸ਼ ਉਹਨਾਂ ਦੀ ਕਲਾ ਦਾ ਪ੍ਰਮੁੱਖ ਅੰਗ ਹਨ। ਪਰਵੀਨ ਕੌਰ ਹੁਰਾਂ ਦੇ ਚਿੱਤਰ ਜਿੱਥੇ ਟਰਾਂਟੋ ਅਤੇ ਆਸ ਪਾਸ ਦੀਆਂ ਅਹਿਮ ਕਲਾ ਗੈਲਰੀਆਂ ਦਾ ਸ਼ਿੰਗਾਰ ਹਨ ਓਥੇ ਸਮੁੱਚੇ ਕੈਨੇਡੀਅਨ ਆਰਟ ਵਿੱਚ ਵੀ ਉਹਨਾਂ ਦੀ ਇਕ ਵਿਲੱਖਣ ਪਛਾਣ ਹੈ। ਹਾਜ਼ਰ ਮੈਂਬਰਾਂ ਨੇ ਉਹਨਾਂ ਨੂੰ ਅਹਿਮ ਸਵਾਲ ਪੁੱਛੇ ਜਿਸ ਨਾਲ ਕਾਫ਼ਲੇ ਦੀ ਮੀਟਿੰਗ ਦਾ ਸਮੁੱਚਾ ਮਾਹੌਲ ਕਲਾਤਿਮਕਤਾ ਨਾਲ ਮਹਿਕਦਾ ਪ੍ਰਤੀਤ ਹੋਣ ਲੱਗਿਆ।

ਚਿੱਤਰਕਲਾ ਦੇ ਦੌਰ ਤੋਂ ਬਾਦ ਕਵੀ ਦਰਬਾਰ ਦਾ ਦੌਰ ਸੀ। ਸਭ ਤੋਂ ਪਹਿਲਾਂ ਨੌਜਵਾਨ ਸ਼ਾਇਰ ਪਰਮਜੀਤ ਢਿੱਲੋਂ ਨੇ ਅਪਣਾ ਗੀਤ ਬਾਤਰੰਨੁਮ ਪੇਸ਼ ਕੀਤਾ:

ਝਨਾ ਦੇ ਪਾਣੀਆਂ ਕੀ ਕੀਤਾ ਕਹਿਰ ਤੂੰ / ਸੋਹਣੀ ਨੂੰ ਮਾਰ ਕੇ ਕਿਹੜਾ ਕੱਢਿਆ ਵੈਰ ਤੂੰ॥

ਪਰਮਜੀਤ, ਦੇ ਗੀਤ ਬਾਰੇ ਹਾਜ਼ਰ ਮੈਂਬਰਾਂ ਚੋਂ ਕੁਲਜੀਤ ਮਾਨ ਨੇ ਇਸ ਗੀਤ ਚੋਂ ਕੁਝ ਵੀ ਨਵਾਂ ਨਾ ਮਿਲਣ ਦਾ ਵਿਗੋਚਾ ਜਿਤਾਇਆ। ਉਂਕਾਰਪ੍ਰੀਤ ਨੇ ਪਾਣੀ ਦੇ ਕੁਦਰਤੀ ਸੁਭਾਅ ਦੇ ਸੰਦਰਭ ਵਿੱਚ ਗੀਤ ਵਿਚਲੇ ਉਲ੍ਹਾਮੇ ਨੂੰ ਨਿਰਮੂਲ ਦੱਸਿਆ। ਪਿਆਰਾ ਸਿੰਘ ਕੁੱਦੋਵਾਲ ਨੇ ਇਸ ਗੀਤ ਵਿੱਚਲੇ ‘ਵੈਣ’ ਦੀ ਸਮਾਜਿਕਤਾ ਨੂੰ ਅਹਿਮ ਦੱਸਿਆ। ਵਰਿਆਮ ਸਿੰਘ ਸੰਧੂ ਹੁਰਾਂ ਨੇ ਕਿਹਾ ਕਿ ਇਸ ਗੀਤ ਵਿੱਚ ਪਾਣੀ ਦਾ ਬਿੰਬ ਜੇਕਰ ਸਮਾਜ ਦੇ ਸਮੁੱਚੇ ਵਰਤਾਰੇ ਦੇ ਰੂਪ ‘ਚ ਪੇਸ਼ ਹੁੰਦਾ ਤਾਂ ਵਧੇਰੇ ਸਾਰਥਿਕ ਹੋਣਾ ਸੀ। ਕੁਲਵਿੰਦਰ ਖਹਿਰਾ ਨੇ ਇਸ ਵਿਚਾਰ ਚਰਚਾ ‘ਚ ਅਪਣੇ ਸ਼ਿਅਰ ਨੂੰ ਉਤਾਰ ਕੇ ‘ਸੌ ਹੱਥ ਰੱਸਾ ਅਤੇ ਸਿਰੇ ਤੇ ਗੰਢ’ ਪਾਈ:

ਕੱਚਾ ਘੜਾ ਤਾਂ ਐਵੇਂ ਹੀ ਬਦਨਾਮ ਹੋ ਕੇ ਰਹਿ ਗਿਆ
ਡੁੱਬ ਤਾਂ ਗਈ ਸੀ ਸੋਹਣੀ ਤਰਦੀ ਘਰ ਤੋਂ ਝਨਾ ਤੀਕਰ॥

ਪਰਵੀਨ ਕੌਰ ਹੁਰਾਂ ਨੇ ਅਪਣੀ ਹਿੰਦੀ ਕਵਿਤਾ ਸੁਣਾਈ। ਜੋ ਸਮਾਜ ਵਿੱਚ ਔਰਤ ਦੇ ਸਾਰਥਿਕ ਰੋਲ ਨੂੰ ਪੇਸ਼ ਕਰ ਗਈ। ਸ਼ਾਇਰ ਮਲੂਕ ਸਿੰਘ ਕਾਹਲੋਂ ਨੇ ਤਰਕਸ਼ੀਲਤਾ ਭਰਪੂਰ ਕਵਿਤਾ ਪੜ੍ਹੀ ਜਿਸਦੇ ਬੋਲ ਸਨ:

ਇਹ ਜ਼ਿੰਦਗੀ ਇਕ ਸੰਗ੍ਰਾਮ ਜਿਹੀ / ਅਦਿਖ ਸ਼ਕਤੀ ਨੂੰ ਕਰਦੀ ਪ੍ਰਣਾਮ ਨਹੀਂ॥

ਨੌਜਵਾਨ ਸ਼ਾਇਰਾ ਗੁਰਪ੍ਰੀਤ ਦੀ ਨਜ਼ਮ ਜਿਵੇਂ ਇਸ ਕਵੀ ਦਰਬਾਰ ਦਾ ਹਾਸਿਲ ਸੀ:

ਇਹ ਜ਼ਰੂਰੀ ਤਾਂ ਨਹੀਂ
ਜਦ ਵੀ ਅੱਥਰੂ ਨਿਕਲਣ
ਤੇਰੇ ਨਾਮ ਦੇ ਹੀ ਹੋਵਣ।
ਹਰ ਰੰਗ ਵਿੱਚੋਂ
ਤੇਰਾ ਹੀ ਰੂਪ ਵੇਖਾਂ।
ਮੇਰੇ ਨੈਣਾਂ 'ਚ
ਤੇਰੀ ਮੁਹੱਬਤ ਦਾ ਹੀ ਸਰੂਰ ਹੋਵੇ
ਜ਼ਰੂਰੀ ਤਾਂ ਨਹੀਂ॥

ਸ਼ਾਇਰਾ ਗੁਰਪ੍ਰੀਤ ਦੀ ਇਸ ਨਜ਼ਮ ਤੇ ਸਰੋਤਿਆਂ ਦੀ ਭਰਪੂਰ ਦਾਦ ਕਈ ਚਿਰ ਸਭਾ 'ਚ ਗੂੰਜਦੀ ਰਹੀ। ਉਪਰੰਤ ਸ਼ਾਇਰ ਪਿਆਰਾ ਸਿੰਘ ਕੁੱਦੋਵਾਲ ਨੇ ਅਪਣੀ ਨਜ਼ਮ ਪੇਸ਼ ਕੀਤੀ।

ਕਾਫ਼ਲੇ ਦੇ ਮਾਣਯੋਗ ਹਸਤਾਖਰ ਅਤੇ ਕਾਵਿ ਪੁਸਤਕ ''ਸ਼ਿਕਸਤਾ ਰੰਗ'' ਦੀ ਰਚੇਤੀ, ਕਵਿੱਤਰੀ ਸੁਰਜੀਤ ਮਿਨਹਾਸ ਹੁਰਾਂ ਦੀ ਕਵਿਤਾ ''ਸੋਚਾਂ'' ਅਪਣੀ ਉੱਚੀ ਸੁੱਚੀ ਕਾਵਿ ਉਡਾਰੀ ਨਾਲ ਪੇਸ਼ ਪੇਸ਼ ਰਹੀ:

ਸਖੀ, ਕੀ ਹੁੰਦੀਆਂ ਨੇ ਇਹ ਸੋਚਾਂ
ਫੜਨ ਲੱਗੋ ਤਾਂ ਹੱਥੋਂ ਖਿਸਕਦੀਆਂ॥

ਸੁਰਜੀਤ ਹੁਰਾਂ ਤੋਂ ਬਾਦ ਵਾਰੀ ਸੀ ਕਾਫ਼ਲੇ ਦੇ ਰਸੀਦੀ ਸ਼ਾਇਰ ਉਂਕਾਰਪ੍ਰੀਤ ਹੋਣਾਂ ਦੀ ਜਿਹਨਾਂ ਦੀ ਸ਼ਾਇਰੀ ਜਿੱਥੇ ਅਰਥ ਭਰਪੂਰ ਹੁੰਦੀ ਹੈ ਓਥੇ ਵਿਸਮਾਦ ਨਾਲ ਸਰਸ਼ਾਰ ਵੀ ਕਰਦੀ ਹੈ। ਇਸ ਵੇਰ ਉਹਨਾਂ ਨੇ ਅਪਣੀ ਕਵਿਤਾ ''ਜੋਗਾ'' ਪੇਸ਼ ਕੀਤੀ:

ਗਲੋਬਲ ਮੰਡੀ, ਕਿਰਤੀ ਜੋਗਾ
ਰਿਜ਼ਕ ਦਾਤਾ ਗੁਰੂ
ਬੌਸ ਗਲੋਬੀ ਫਰਮ ਦਾ…॥

ਕਵੀ ਦਰਬਾਰ ਦੇ ਢਲਦੇ ਪਲਾਂ ਨੂੰ ਪਰ ਦਿੱਤੇ ਸ਼ਾਇਰ ਗੁਰਦਾਸ ਮਿਨਹਾਸ ਹੁਰਾਂ ਨੇ ਅਪਣੀ ਹਾਸਰਸ ਕਵਿਤਾ ''ਮੱਝਾਂ ਦੀ ਲੜਾਈ'' ਨਾਲ। ਅਪਣੇ ਖਾਸ ਅੰਦਾਜ਼ 'ਚ ਪੇਸ਼ ਕੀਤੀ ਉਹਨਾਂ ਦੀ ਹਾਸਰਸ ਕਵਿਤਾ ਨੇ ਮਾਹੌਲ ਵਿੱਚ ਜਿਵੇਂ ਕਾਸ਼ਨੀ ਰੰਗ ਬਿਖੇਰ ਦਿੱਤਾ।

ਕਾਫ਼ਲੇ 'ਚ ਸ਼ਾਮਿਲ ਅਗਲੀ ਕਵਿੱਤਰੀ ਬਰਜਿੰਦਰ ਗੁਲਾਟੀ ਹੁਰਾਂ ਨੇ ਪਰਵੀਨ ਕੌਰ ਹੁਰਾਂ ਵਾਂਗ ਔਰਤ ਦੀ ਸਮਾਜਿਕ ਚੇਤਨਾ ਦੀ ਬਾਤ ਨੂੰ ਅੱਗੇ ਤੋਰਿਆ:

ਕਹਿਣਾ ਚਾਹੁੰਦੀ ਹਾਂ, ਕਹਿ ਨਹੀਂ ਸਕਦੀ। ਸਾਹ ਵੀ ਸੌਖ ਨਾਲ, ਲੈ ਨਹੀਂ ਸਕਦੀ
ਡਰਦੀ ਹਾਂ ਸਮਾਜ ਕਿਤੇ ਕਹਿ ਨਾ ਦੇਵੇ, ਤੂੰ ਸਾਹ ਲਏ ਬਿਨ ਰਹਿ ਨਹੀਂ ਸਕਦੀ॥

ਕਾਫ਼ਲੇ ਦੀ ਇਸ ਮਿਲਣੀ ਨੂੰ ਅਖੀਰ ਤੇ ਮੋਹਰਬੰਦ ਕੀਤਾ ਸ਼ਾਮ ਦੀ ਸ਼ਮਾਂ ਰੂਪ ਹਰਮੇਸ਼ ਸਿੰਘ ਹੁਰਾਂ ਨੇ ਅਪਣੇ ਪੁਰਸੋਜ਼ ਤਰੰਨੁਮ ਨਾਲ:

ਜਿਸਮ ਵਰੋਲਾ ਬਣ ਕੇ ਉਡਣਾ ਆਖਿਰਕਾਰ ਹਵਾਵਾਂ ਨਾਲ…॥

ਕਾਫ਼ਲੇ ਦੀ ਇਸ ਮਿਲਣੀ ‘ਚ ਸ਼ਾਮਿਲ ਹੋਰ ਰਾਹਗੀਰਾਂ ‘ਚ ਸ਼ਮਿਲ ਸਨ: ਹਰਭਜਨ ਗਰੀਸੀ, ਰਘੁਬੀਰ ਸੋਮਲ, ਨਛੱਤਰ ਕਲੇਰ, ਡਾ.ਜਗਦੀਸ਼ ਚੋਪੜਾ, ਮਿੰਨੀ ਗਰੇਵਾਲ,ਅਮਰਜੀਤ ਮਿਨਹਾਸ, ਗੁਰਬਚਨ ਚਿੰਤਕ, ਕੁਲਵੰਤ ਕੰਬੋ, ਪੂਰਨ ਸਿੰਘ ਪਾਂਧੀ, ਸੁਖਦੇਵ ਧਾਲੀਵਾਲ, ਲਖਬੀਰ ਸਿੰਘ ਤੁਲੀ, ਮਨਮੋਹਨ ਗੁਲਾਟੀ, ਅਤੇ ਜੈਸ਼ਿਰੀ ਤੁਲੀ।

ਇਸ ਮਿਲਣੀ ‘ਚ ਚਾਹ-ਪਾਣੀ ਦੀ ਸੇਵਾ ਦਾ ਜਿੰਮਾ ਹਰ ਵੇਰ ਦੀ ਤਰਾਂ ਗੁਰਦਾਸ ਮਿਨਹਾਸ ਹੁਰਾਂ ਨੇ ਅਤੇ ਮੰਚ ਸੰਚਾਲਨਾ ਕੁਲਵਿੰਦਰ ਖਹਿਰਾ ਹੁਰਾਂ ਨੇ ਬਾਖੂਬੀ ਨਿਭਾਈ।


ਪਰਵੀਨ ਕੌਰ ਬਾਰੇ ਡਾਕੂਮੈਂਟਰੀ


ਅਪਣੀ ਕਲਾ ਬਾਰੇ ਬੋਲਦਿਆਂ – ਪਰਵੀਨ ਕੌਰ





**ਕਵਿਤਾ ਪੜ੍ਹਦੇ: ਸ਼ਾਇਰਾ ਗੁਰਪ੍ਰੀਤ, ਪਰਮਜੀਤ ਢਿੱਲੋਂ, ਸੁਰਜੀਤ ਮਿਨਹਾਸ**






**ਸ਼ਾਇਰ ਮਲੂਕ ਸਿੰਘ ਕਾਹਲੋਂ, ਉਂਕਾਰਪ੍ਰੀਤ ਪਿਆਰਾ ਸਿੰਘ ਕੁੱਦੋਵਾਲ ਡਾ. ਜਗਦੀਸ਼ ਚੋਪੜਾ**



**ਚਿੱਤਰਕਲਾ ਸੈਸ਼ਨ ਅਤੇ ਕਵੀ ਦਰਬਾਰ ਮਾਣਦੇ ਹੋਏ ਸਰੋਤੇ**

ਕਾਫ਼ਲੇ ਦੀ ਅਗਲੀ ਮਿਲਣੀ 25 ਜੁਲਾਈ ਸ਼ਨੀਵਾਰ ਨੂੰ 2-5 ਵਜੇ ਸ਼ਾਮ, ਸੰਤ ਸਿੰਘ ਸੇਖੋਂ ਹਾਲ ਵਿੱਚ ਹੋਵੇਗੀ ਜਿਸ ਵਿੱਚ ਕਾਫ਼ਲੇ ਦੇ ਸਾਬਕਾ ਸੰਚਾਲਕ ਅਤੇ ਪ੍ਰਸਿੱਧ ਕਹਾਣੀਕਾਰਾ ਮਿੰਨੀ ਗਰੇਵਾਲ ਜੀ ਅਪਣੀ ਕਹਾਣੀ ਪੇਸ਼ ਕਰਨਗੇ।